(ੳ) ਹਲਕਾ ਜਲਾਲਾਬਾਦ ਵਿਖੇ ਸਤਲੁਜ ਦਰਿਆ ਦੇ ਮੌਜਮ ਤੇ ਤਰੋਵੜੀ ਡਰੇਨਾਂ ਵਿੱਚ ਚੈਕ ਡੈਮ ਬਣਾ ਕੇ ਛੋਟੇ-ਛੋਟੇ ਮੱਛੀ ਪਾਲਣ ਦੇ ਤਲਾਬ ਬਣਾਉਣ ਦੀ ਸਰਕਾਰ ਦੀ ਕੋਈ ਯੋਜਨਾ ਹੈ; ਵੇਰਵੇ ਸਹਿਤ ਦੱਸਿਆ ਜਾਵੇ;

(ਅ) ਕੀ ਪਾਕਿਸਤਾਨ ਵੱਲ ਜਾਂਦੇ ਪਾਣੀ ਨੂੰ ਰੋਕਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

----

## ਟਾਂਡਾ ਫਾਟਕ ਲੈਵਲ ਕਰਾਸਿੰਗ ਨੰਬਰ S-63/E 3 ਵਿਖੇ ਰੇਲਵੇ ਅੰਡਰ ਬ੍ਰਿਜ਼ ਦੀ ਉਸਾਰੀ ਦੀ ਮੌਜੂਦਾ ਸਥਿਤੀ

***1698 ਸ਼੍ਰੀ. ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ ):**

**ਲੋਕ ਨਿਰਮਾਣ** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਜਲੰਧਰ ਵਿੱਚ ਸਾਹਨੇਵਾਲ-ਜਲੰਧਰ-ਅੰਮ੍ਰਿਤਸਰ ਲਾਈਨ ਤੇ ਟਾਂਡਾ ਫਾਟਕ ਲੈਵਲ ਕਰਾਸਿੰਗ ਨੰਬਰ S-63/E 3 ਵਿਖੇ ਰੇਲਵੇ ਅੰਡਰ ਬ੍ਰਿਜ਼ ਦੀ ਉਸਾਰੀ ਦੀ ਤਜਵੀਜ਼ ਹੈ; ਜੇਕਰ ਹਾਂ ਤਾਂ ਇਸ ਪ੍ਰੋਜੈਕਟ ਦੀ ਮੌਜੂਦਾ ਸਥਿਤੀ ਕੀ ਹੈ ?

----

## ਮੁੱਖ ਮੰਤਰੀ ਸਿਹਤ ਬੀਮਾ ਸਕੀਮ ਦੇ ਵੇਰਵੇ

***1697 ਸ਼੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ (ਅੰਮ੍ਰਿਤਸਰ ਉੱਤਰੀ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-**
ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) "ਮੁੱਖ ਮੰਤਰੀ ਸਿਹਤ ਬੀਮਾ ਪ੍ਰੋਗਰਾਮ" ਅਧੀਨ ਹੁਣ ਤੱਕ ਕਿੰਨੇ ਪਰਿਵਾਰ ਰਜਿਸਟਰ ਹੋ ਚੁੱਕੇ ਹਨ;

ਅ) ਅੰਮ੍ਰਿਤਸਰ ਵਿੱਚ ਰਜਿਸਟ੍ਰੇਸ਼ਨ ਏਜੰਸੀ ਕਿਹੜੀ ਹੈ: ਉਸ ਦਾ ਅਹੁਦਾ, ਪਤਾ ਅਤੇ ਫੋਨ ਨੰਬਰ ਦੱਸਿਆ ਜਾਵੇ;

ੲ) ਇਸ ਸਕੀਮ ਦੀ nature and scope ਕੀ ਹੈ ਅਤੇ ਇਸ ਉਦੇਸ਼ ਲਈ ਕਿਸ ਏਜੰਸੀ ਜਾਂ ਕੰਪਨੀ ਨੂੰ ਲਗਾਇਆ ਗਿਆ ਹੈ;

ਸ) ਸਰਕਾਰ ਨੇ ਇਸ ਯੋਜਨਾ ਤੇ ਕਿੰਨਾ ਪੈਸਾ ਖਰਚ ਕੀਤਾ ਹੈ ਅਤੇ ਇਸ ਸਕੀਮ ਅਧੀਨ ਕਿੰਨੀਆਂ ਬਿਮਾਰੀਆਂ ਕਵਰ ਕੀਤੀਆਂ ਜਾਂਦੀਆਂ ਹਨ; ਵੇਰਵੇ ਸਹਿਤ ਦੱਸਿਆ ਜਾਵੇ?

----

## ਚੋਣ ਡਿਊਟੀ ਦੌਰਾਨ ਮ੍ਰਿਤਕਾਂ/ਜ਼ਖ਼ਮੀ ਪਰਿਵਾਰਾਂ ਨੂੰ ਮੁਆਵਜਾ ਦੇਣਾ

***1729 ਸ. ਮਨਪ੍ਰੀਤ ਸਿੰਘ ਇਯਾਲੀ (ਦਾਖਾ):**

